G. 1060

ਕਿਸਾਨੀ ਮਸਲਾ

ਲੇਖਕ:-

ਵੀ. ਲੈਨਿਨ

ਮੁਲ ।=)

ਕਿਸਾਨੀ ਮਸਲਾ

ਮਿਲਣ ਦਾ ਪਤਾ:–

ਮੈਨੇਜਰ–'ਕਿਰਤੀ ਲਹਿਰ'

੧੪੫/੧ ਵੈਸਟਰਨ ਕਚਿਹਰੀ ਰੋਡ

ਮੇਰਠ ।

ਗਰੀਬ ਕਿਸਾਨਾਂ ਨੂੰ

(੧) ਸ਼ੈਹਰਾਂ ਦੇ ਕਿਰਤੀਆਂ ਦਾ ਘੋਲ

ਬਹੁਤ ਸਾਰੇ ਕਿਸਾਨਾਂ ਨੇ ਸ਼ੈਹਰਾਂ ਵਿਖੇ ਕਿਰਤੀਆਂ ਦੀ ਹਿਲਚੁਲ ਬਾਰੇ ਸੁਣਿਆਂ ਈ ਹੋਣਾ ਹੈ । ਕਈ ਤਾਂ ਆਪ ਵਡੇ ਸ਼ੈਹਰੀ ਕਾਰਖਾਨਿਆਂ ਵਿਚ ਆਏ ਹੋਏ ਹਨ ਤੇ ਉਹਨਾਂ ਨੇ ਏਹ ਬਾਗੀ ਜੀਕੂੰ ਕਿ ਪੁਲਸ ਉਹਨਾਂ ਨੂੰ ਸਦਦੀ ਹੈ, ਦੇਖੇ ਹੋਣੇ ਹਨ । ਕਈ ਅਜਿਹਾਂ ਕਿਰਤੀਆਂ ਦੇ ਜਾਣੂੰ ਪਛਾਣੂੰ ਹਨ, ਜਿਹਨਾਂ ਨੇ ਕਿ ਇਹਨਾਂ ਹਿਲ ਚੁਲਾਂ ਵਿਚ ਹਿਸਾ ਲਿਆ ਅਤੇ ਜਿਸ ਕਰਕੇ ਉਹਨਾਂ ਨੂੰ ਸ਼ੈਹਰਾਂ ਚੋਂ ਕਢਕੇ ਪਿੰਡੀ ਵਾੜ ਦਿਤਾ ਗਿਆ ਹੈ। ਕਈ ਹੋਰਨਾਂ ਦੇ ਹਥਾਂ ਵਿਚ ਕਿਰਤੀਆਂ ਦੇ ਘੋਲ ਬਾਰੇ ਐਲਾਨ ਅਥਵਾ ਰਸਾਲੇ ਹਨ । ਅਤੇ ਕਈ ਅਜਿਹੇ ਹਨ, ਜਿਹਨਾਂ ਨੇ ਸ਼ੈਹਰਾਂ ਵਿਚ ਵਾਪਰ ਰਹੀ ਬਾਰੇ ਸੁਣਿਆ ਹੈ ।

ਪੈਹਲੋਂ ਨਿਰੇ ਵਿਦਯਾਰਥੀਆਂ ਨੇ ਹੀ ਬਗਾਵਤ ਕੀਤੀ ਸੀ, ਪਰ ਹੁਣ ਹਾਜ਼ਾਰਾਂ ਕੀ ਲਖਾਂ ਹੀ ਕਿਰਤੀ ਕੁਲ ਵਡੇ ਵਡੇ ਸ਼ੈਹਰਾਂ ਵਿਚ ਉਠ ਖੜੋਤੇ ਹਨ । ਉਹ ਜਾਦਾ ਕਰਕੇ ਨੌਕਰ ਰਖਣ ਵਾਲਿਆਂ, ਕਾਰਖਾਨਿਆਂ ਦੇ ਮਾਲਕਾਂ, ਸਰਮਾਏਦਾਰਾਂ ਨਾਲ ਲੜ ਰਹੇ ਹਨ । ਕਿਰਤੀ ਹੜਤਾਲਾਂ ਜਥੇਬੰਦ ਕਰਦੇ ਹਨ । ਕਾਰਖਾਨੇ ਵਿਚ ਹਰ ਕੋਈ ਕੰਮ ਕਰਨਾ ਖਲਿਹਾਰ

ਦਿੰਦਾ ਹੈ। ਉਹ ਮਜ਼ਦੂਰੀ ਵਧੌਣ ਦੀ ਮੰਗ ਕਰਦੇ ਹਨ। ਉਹ ਮੰਗ ਕਰਦੇ ਹਨ ਕਿ ਉਨ੍ਹਾਂ ਤੋਂ ਦਿਨ ਵਿਚ ਗਿਆਰਾਂ ਘੰਟੇ ਨਹੀਂ, ਦਸ ਘੰਟੇ ਨਹੀਂ, ਸਿਰਫ ਅੱਠ ਘੰਟੇ ਕੰਮ ਕਰਵਾਯਾ ਜਾਵੇ। ਇਸ ਤੋਂ ਛੁਟ ਕਿਰਤੀ ਆਪਨੀ ਜ਼ਿੰਦਗੀ ਦੀ ਹਾਲਤ ਵਿਚ ਕਈ ਤਰਾਂ ਦੇ ਸੁਧਾਰਾਂ ਦੀ ਮੰਗ ਭੀ ਕਰਦੇ ਹਨ। ਉਹ ਚਾਹੁੰਦੇ ਹਨ ਕਿ ਕਾਰਖਾਨੇ ਸੁਥਰੇ ਉਸਾਰੇ ਜਾਣ, ਕਲਾਂ ਉਦਾਲੇ ਐਸੇ ਤਰੀਕੇ ਦੇ ਬਚਾਓ ਦਾ ਪਰਬੰਧ ਹੋਵੇ ਕਿ ਉਹ ਕਿਰਤੀਆਂ ਦੇ ਅੰਗ ਨਾ ਵਢ ਸਕਣ, ਕਿਰਤੀਆਂ ਦੇ ਬਚਿਆਂ ਨੂੰ ਸਕੂਲ ਜਾਣਦਾ ਅਵਸਰ ਦਿਤਾ ਜਾਵੇ, ਬੀਮਾਰਾਂ ਨੂੰ ਲੋੜੀ ਦੀ ਹਸਪਤਾਲੀ ਮਦਦ ਮਿਲੇ ਅਤੇ ਕਿਰਤੀਆਂ ਦੇ ਘਰ ਸੂਰਾਂ ਦੇ ਖੁਡੇ ਨਹੀਂ, ਆਦਮੀਆਂ ਦੇ ਰੈਹਣ ਵਾਲੇ ਮਕਾਨ ਹੋਣ।

ਪੁਲਸ ਕਿਰਤੀਆਂ ਦੇ ਘੋਲ ਵਿਚ ਅੜਿਕੇ ਡਾਹੁੰਦੀ ਹੈ। ਉਹ ਕਿਰਤੀਆਂ ਨੂੰ ਕੈਦ ਕਰਦੀ, ਜੇਹਲਾਂ ਵਿਚ ਡਕਦੀ, ਬਿਨਾਂ ਸੁਣਾਈ ਉਹਨਾਂ ਦੇ ਪੁਰਾਣੇ ਪਿੰਡਾਂ ਨੂੰ ਤੇ ਜਾਂ ਸਾਏ-ਬੇਰੀਆ (ਕਾਲੇ ਪਾਣੀ) ਨੂੰ ਭੇਜ ਦਿੰਦੀ ਹੈ। ਸਰਕਾਰ ਨੇ ਕਿਰਤੀਆਂ ਦੀਆਂ ਹੜਤਾਲਾਂ ਤੇ ਇਕੱਠ ਕਾਨੂੰਨੀ ਤੌਰ ਤੇ ਬੰਦ ਕੀਤੇ ਹੋਏ ਹਨ। ਪਰ ਕਿਰਤੀ ਪੁਲਸ ਅਤੇ ਹਕੂਮਤ ਨਾਲ ਡਟਕੇ ਘੁਲੀ ਜਾ ਰਹੇ ਹਨ। ਕਿਰਤੀ ਆਖਦੇ ਹਨ ਕਿ "ਅਸੀਂ ਕਰੋੜਾਂ ਬਧੀ ਕਿਰਤੀ ਕਿਸੇ ਅਗੇ ਲੰਮੇ ਨਹੀ ਪਵਾਂਗੇ, ਅਸੀਂ ਧੰਨੀਆਂ ਖਾਤਰ ਕੰਮ ਨਹੀਂ ਕਰਾਂਗੇ ਤੇ ਆਪ ਭੁਖੇ ਨਹੀਂ ਮਰਾਂਗੇ। ਅਸੀਂ ਹੁਣ ਲੁਟਾਈ ਨਹੀਂ ਖਾਵਾਂਗੇ। ਅਸੀਂ ਇਕ ਜਥੇਬੰਦੀ ਵਿਚ ਜੁੜਨਾ, ਕੁਲ ਕਿਰਤੀਆਂ ਨੂੰ

ਇਕ ਭਾਰੀ ਕਿਰਤੀ ਯੂਨੀਅਨ (ਇਕ ਕਿਰਤੀ ਪਾਰਟੀ) ਵਿਚ ਮਿਲਣਾਂ, ਅਤੇ ਜ਼ਿੰਦਗੀ ਦੀਆਂ ਹਾਲਤਾਂ ਬੇਹਤਰ ਬਣੌਨ ਲਈ ਮਿਲਕੇ ਕੰਮ ਕਰਨਾ ਚਾਹੁੰਦੇ ਹਾਂ। ਅਸੀਂ ਸਮਾਜ ਦੀ ਦੁਬਾਰਾ ਨਵੀਂ ਤੇ ਬੇਹਤਰ ਜਥੇਬੰਦੀ ਚਾਹੁੰਦੇ ਹਾਂ, ਇਸ ਨਵੇਂ ਤੇ ਬੇਹਤਰ ਸਮਾਜ ਵਿਚ ਕੋਈ ਧੰਨੀ ਜਾਂ ਗਰੀਬ ਨਾਂ ਹੋਵੇ ਤੇ ਸਭੇ ਕੰਮ ਕਰਨ। ਮਿਲਵੇਂ ਕੰਮ ਦਾ ਫਲ ਮੁਠੀ ਭਰ ਧੰਨੀ ਨਹੀਂ, ਸਗੋਂ ਸਾਰੇ ਮੇਹਨਤ ਕਰਨ ਵਾਲੇ ਖਾਣ। ਕਲਾਂ ਤੇ ਹੋਰ ਵਾਧੇ ਸਾਰਿਆਂ ਦਾ ਕੰਮ ਹੌਲਾ ਕਰਨ ਖਾਤਰ ਹੋਣੇ ਚਾਹੀਦੇ ਹਨ, ਨਾ ਕਿ ਕਰੋੜਾਂ ਲੋਕਾਂ ਦੀ ਮੇਹਨਤ ਨਾਲ ਥੋੜੇ ਜਿਹਾਂ ਨੂੰ ਧੰਨੀ ਬਣੌਨ ਵਿਚ ਵਰਤੇ ਜਾਣ।" ਇਸ ਨਵੇਂ ਤੇ ਵਧੀਆ ਸਮਾਜ ਦਾ ਨਾਮ ਸੋਸ਼ਲਿਸਟ ਸਮਾਜ ਹੈ। ਇਸ ਬਾਰੇ ਜੋ ਅਸੂਲ ਹਨ ਉਹਨਾਂ ਨੂੰ ਸੋਸ਼ਲਿਜ਼ਮ ਕੈਹਿੰਦੇ ਹਨ। ਸਮਾਜ ਦੀ ਇਸ ਬੇਹਤਰ ਜਥੇਬੰਦੀ ਕਰਨ ਖਾਤਰ ਘੁਲਨ ਵਾਲੀ ਕਿਰਤੀਆਂ ਦੀ ਜਥੇਬੰਦ ਨੂੰ ਸੋਸ਼ਲ ਡੈਮੋਕਰੇਟਾਂ ਦੀ ਕਾਮੂ-ਸਨਿਟ ਪਾਰਟੀ ਕੈਹਿੰਦੇ ਹਨ। ਅਜੇਹੀਆਂ ਪਾਰਟੀਆਂ (ਰੂਸ ਤੇ ਤੁਰਕੀ ਸਿਵਾ) ਲਗ ਭਗ ਸਾਰੇ ਹੀ ਦੇਸਾਂ ਵਿਚ ਹਨ ਅਤੇ ਸਾਡੇ ਕਿਰਤੀਆਂ ਭੀ ਸੋਸ਼ਲ ਡੈਮੋਕਰੇਟਾਂ ਨਾਲ ਮਿਲਕੇ, ਜੇਹੜੇ ਕਿ ਵਿਦਵਾਨ ਸਜਣ ਹਨ, ਅਜਿਹੀ ਪਾਰਟੀ ਭਾਵ "ਰੂਸੀ ਸੋਸ਼ਲ ਡੈਮੋਕਰੈਟਿਕ ਕਿਰਤੀ ਪਾਰਟੀ" ਜਥੇਬੰਦ ਕੀਤੀ ਹੋਈ ਹੈ।

ਸਰਕਾਰ ਇਸ ਨੂੰ ਦਬੌਂਦੀ ਹੈ। ਪਰ ਇਨਾਂ ਕੁਲ ਮਨਾ-ਹੀਆਂ ਦੇ ਹੁੰਦਿਆਂ ਹੋਇਆਂ ਭੀ ਪਾਰਟੀ ਗੁਪਤੀ ਤੌਰ ਤੇ ਕੰਮ ਕਰਦੀ, ਅਪਨੀਆਂ ਅਖਬਾਰਾਂ ਤੇ ਕਿਤਾਬਾਂ ਛਾਪਦੀ, ਗੁਪਤ

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.